# Melbourne Airport Environs Overlay

## Melbourne Airport Environs Overlay ਕੀ ਹੈ ਅਤੇ ਇਹ ਮੇਰੀ ਜਾਇਦਾਦ ਨੂੰ ਕਿਵੇਂ ਪ੍ਰਭਾਵਿਤ ਕਰੇਗਾ?

Melbourne Airport Environs Overlay (MAEO) ਯੋਜਨਾਬੰਦੀ ਕੰਟਰੋਲ ਹੈ, ਜਿਸ ਨੂੰ 2007 ਵਿੱਚ ਵਿਕਟੋਰੀਆ ਦੀ ਸਰਕਾਰ ਦੁਆਰਾ ਮੈਲਬੌਰਨ ਹਵਾਈ ਅੱਡੇ ਦੇ ਨੇੜੇ ਦੀਆਂ ਜਾਇਦਾਦਾਂ ਉੱਤੇ ਹਵਾਈ ਜਹਾਜ਼ਾਂ ਦੇ ਰੌਲੇ ਦੇ ਪ੍ਰਭਾਵਾਂ ਨੂੰ ਸੀਮਤ ਕਰਨ ਲਈ ਸ਼ੁਰੂ ਕੀਤਾ ਗਿਆ ਸੀ।

MAEO, ਮੈਲਬੌਰਨ ਏਅਰਪੋਰਟ ਦੇ 2018 ਮਾਸਟਰ ਪਲਾਨ ਵਿੱਚ ਯੋਜਨਾਬੱਧ ਚਾਰ ਰੱਨ ਵੇਅ ਦੇ ਖਾਕੇ ਨੂੰ ਦਰਸਾਉਂਦੀ ਹੈ। ਅੱਪਡੇਟ ਕੀਤੀ ਗਈ MAEO ਪਹਿਲਾਂ ਨਾਲੋਂ ਵਧੇਰੇ ਜਾਇਦਾਦਾਂ ਉੱਤੇ ਲਾਗੂ ਹੋਵੇਗੀ, ਜੋ ਕਿ ਬਰਿਮਬੈਂਕ, ਹਿਊਮ, ਮੈਲਟਨ, ਮੂਨੀ ਵੈਲੀ, ਮੋਰਲੈਂਡ ਅਤੇ ਵਿਟਲਸੀ ਦੇ ਕੌਂਸਲ ਖੇਤਰਾਂ ਵਿੱਚ ਲਾਗੂ ਹੋਵੇਗੀ।

ਜੇ MAEO ਤੁਹਾਡੀ ਜਾਇਦਾਦ ਉੱਤੇ ਲਾਗੂ ਹੁੰਦੀ ਹੈ, ਤਾਂ ਇਹ ਉਸ ਚੀਜ਼ ਨੂੰ ਪ੍ਰਭਾਵਿਤ ਕਰ ਸਕਦੀ ਹੈ ਜੋ ਤੁਸੀਂ ਆਪਣੀ ਜ਼ਮੀਨ ਉੱਤੇ ਕਰ ਸਕਦੇ ਹੋ। ਕੋਈ ਵੀ ਜਾਇਦਾਦ ਜੋ ਪਹਿਲਾਂ ਤੋਂ ਬਣਾਈ ਗਈ ਹੈ, ਉਸ ਵਿੱਚ ਸੋਧ ਕੀਤੇ ਜਾਣ ਦੀ ਲੋੜ ਨਹੀਂ ਹੈ। ਜੇ ਤੁਸੀਂ ਕਿਸੇ ਨਵੀਂ ਵਰਤੋਂ ਜਾਂ ਵਿਕਾਸ ਦੀ ਯੋਜਨਾ ਬਣਾ ਰਹੇ ਹੋ, ਤਾਂ ਇਸ ਬਾਰੇ ਆਪਣੀ ਸਥਾਨਕ ਕੌਂਸਲ ਨਾਲ ਗੱਲ ਕਰੋ ਕਿ MAEO ਤੁਹਾਡੇ ਵਿਕਾਸ ਨੂੰ ਕਿਵੇਂ ਪ੍ਰਭਾਵਿਤ ਕਰ ਸਕਦੀ ਹੈ। ਸੀਮਤ ਛੋਟਾਂ ਵੈਧ ਇਮਾਰਤ ਦੇ ਪਰਮਿਟਾਂ ਅਤੇ ਯੋਜਨਾਬੰਦੀ ਪਰਮਿਟ ਦੀਆਂ ਅਰਜ਼ੀਆਂ ਵਾਸਤੇ ਲਾਗੂ ਹੁੰਦੀਆਂ ਹਨ।

ਭਵਿੱਖ ਦੇ ਮੈਲਬੌਰਨ ਹਵਾਈ ਅੱਡੇ ਦੇ ਮਾਸਟਰ ਪਲਾਨਾਂ ਨੂੰ ਦਰਸਾਉਣ ਲਈ MAEO ਨੂੰ ਦੁਬਾਰਾ ਅੱਪਡੇਟ ਕੀਤਾ ਜਾ ਸਕਦਾ ਹੈ। ਕੁਝ ਜਾਇਦਾਦਾਂ ਜੋ ਇਸ MAEO ਅੱਪਡੇਟ ਤੋਂ ਪ੍ਰਭਾਵਿਤ ਨਹੀਂ ਹਨ, ਭਵਿੱਖ ਵਿੱਚ ਹੋਣ ਵਾਲੇ ਅੱਪਡੇਟਾਂ ਤੋਂ ਪ੍ਰਭਾਵਿਤ ਹੋ ਸਕਦੀਆਂ ਹਨ।

ਜੇ ਤੁਹਾਨੂੰ ਸਹਾਇਤਾ ਦੀ ਲੋੜ ਹੈ, ਤਾਂ ਅਨੁਵਾਦ ਅਤੇ ਦੋਭਾਸ਼ੀਆ ਸੇਵਾ ਵਿੱਚ ਮਦਦ ਲਈ ਕਿਰਪਾ ਕਰਕੇ ਅਨੁਵਾਦ ਅਤੇ ਦੋਭਾਸ਼ੀਆ ਸੇਵਾ (TIS) ਨਾਲ ਸੰਪਰਕ ਕਰੋ। TIS National ਨਾਲ 131 450 ਉੱਤੇ ਸੰਪਰਕ ਕਰੋ (ਆਸਟ੍ਰੇਲੀਆ ਦੇ ਅੰਦਰ) ਜਾਂ www.tisnational.gov.au ਉੱਤੇ ਜਾਓ

VICTORIA State Government | Environment, Land, Water and Planning

delwp.vic.gov.au

Punjabi